# ਸਕੂਲ 'ਚ ਸੈਨੇਟਰੀ ਨੈਪਕਿਨ ਵੈਂਡਿੰਗ ਮਸ਼ੀਨ ਲਗਾਈ

## ਹਰਸਿਮਰਤ ਕੌਰ ਬਾਦਲ ਵਲੋਂ ਉਦਘਾਟਨ

ਮਾਨਸਾ, 4 ਨਵੰਬਰ (ਜੱਸਲ, ਮੀਰਪੁਰੀਆ)-ਪਿੰਡ ਬਣਾਂਵਾਲੀ ਵਿਖੇ ਨਿਰਮਾਣ ਅਧੀਨ ਥਰਮਲ ਪਲਾਂਟ ਦੀ ਪ੍ਰਬੰਧਕ ਕਮੇਟੀ ਨੇ ਜ਼ਿਲੇ ਦੇ ਪੰਜ ਸਕੂਲਾਂ ਵਿਚ ਕਿਸ਼ੋਰ ਅਵਸਥਾ ਨਾਲ ਜੁੜੀਆਂ ਸਮੱਸਿਆਵਾਂ ਸੰਬੰਧੀ ਟ੍ਰੇਨਿੰਗ ਕੈਂਪ ਲਗਾਏ, ਜਿਸ ਵਿਚ ਮਾਨਸਾ ਗਰਲਜ਼ ਸਕੂਲ, ਬੁਢਲਾਡਾ, ਰੱਲਾ, ਫਫੜੇ ਭਾਈਕੇ, ਸਰਦੂਲਗੜ੍ਹ ਦੀਆਂ ਚੁਣੀਆਂ 25 ਲੜਕੀਆਂ ਨੂੰ ਟ੍ਰੇਨਿੰਗ ਦਿੱਤੀ ਗਈ। ਇਹ ਲੜਕੀਆਂ ਅੱਗੇ ਆਪਣੇ-ਆਪਣੇ ਸਕੂਲਾਂ ਵਿਚ ਹੋਰ ਵੀ ਬੱਚਿਆਂ ਨੂੰ ਜਾਗਰੂਕ ਕਰਨਗੀਆਂ।

ਇਸੇ ਮੁਹਿੰਮ ਤਹਿਤ ਮਾਨਸਾ ਵਿਖੇ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿਚ ਉਕਤ ਕੰਪਨੀ ਵਲੋਂ ਸੈਨੇਟਰੀ ਨੈਪਕਿਨ ਵੈਂਡਿੰਗ ਮਸ਼ੀਨ ਲਗਾਈ ਗਈ, ਜਿਸਦਾ ਉਦਘਾਟਨ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੰਪਨੀ ਦੁਆਰਾ ਸਮਾਜ ਸੇਵਾ ਦੇ ਕੀਤੇ ਜਾਂਦੇ ਕੰਮ ਸ਼ਲਾਘਾਯੋਗ ਹਨ ਤੇ ਇਸ ਤਰ੍ਹਾਂ ਦੇ ਕੰਮਾਂ ਦੀ ਸਕੂਲਾਂ ਵਿਚ ਜ਼ਰੂਰਤ ਵੀ ਸੀ। ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਅਮਿਤ ਢਾਕਾ ਨੂੰ ਕਿਹਾ ਕਿ ਹੋਰ ਵੀ ਸਰਕਾਰੀ ਸਕੂਲਾਂ ਵਿਚ ਇਸ ਤਰ੍ਹਾਂ ਦੀ ਜਾਗਰੂਕਤਾ ਫੈਲਾਈ ਜਾਵੇ।



ਪਤਵੰਤਿਆਂ ਨਾਲ ਗੱਲਬਾਤ ਦੌਰਾਨ ਬੀਬੀ ਬਾਦਲ। (ਜੱਸਲ)

ਡਿਪਟੀ ਕਮਿਸ਼ਨਰ ਸ੍ਰੀ ਢਾਕਾ ਨੇ ਕਿਹਾ ਕਿ ਇਹ ਪ੍ਰੋਗਰਾਮ ਪਹਿਲਾਂ ਸ਼ੁਰੂ ਕੀਤਾ ਗਿਆ ਹੈ ਅਤੇ ਬੱਚਿਆਂ ਦੇ ਸਹਿਯੋਗ ਦੇ ਨਾਲ ਇਸ ਪ੍ਰੋਗਰਾਮ ਨੂੰ ਬੱਚਿਆਂ ਵਿਚ ਬਦਲਾਅ ਲਿਆਕੇ ਪੂਰੇ ਜ਼ਿਲੇ ਨੂੰ ਕਵਰ ਕੀਤਾ ਜਾਵੇਗਾ। ਇਸ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਲਈ ਹਰ ਇਕ ਸਕੂਲ ਵਿਚ ਇਕ ਨੋਡਲ ਅਧਿਕਾਰੀ ਵੀ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਕੰਪਨੀ ਦੇ ਹੈੱਡ ਐੱਚ. ਆਰ. ਪੀ. ਜੋਸਫ ਨੇ ਕਿਹਾ ਕਿ ਇਹ ਇਕ ਛੋਟੀ ਜਿਹੀ ਪਹਿਲ ਹੈ। ਇਸ ਮੌਕੇ ਡੀ. ਈ. ਓ. ਹਰਬੰਸ ਸਿੰਘ ਸੰਧੂ, ਭੁਪਿੰਦਰ ਕੌਰ ਡੀ. ਪੀ. ਓ. ਮਾਨਸਾ, ਪ੍ਰਿੰਸੀਪਲ ਪਦਮਨੀ ਸਿੰਗਲਾ, ਵਿਧਾਇਕ ਪ੍ਰੇਮ ਮਿੱਤਲ, ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਮੰਗਤ ਰਾਏ ਬਾਂਸਲ ਦੀ ਪਤਨੀ ਡਾ. ਮੰਜੂ ਬਾਂਸਲ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਹਰਬੰਤ ਦਾਤੇਵਾਸ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਬਲਾਕ ਸੰਮਤੀ ਚੇਅਰਮੈਨ ਗੁਰਚਰਨ ਸਿੰਘ ਅਤੇ ਹੋਰ ਵੱਡੇ ਅਧਿਕਾਰੀ ਹਾਜ਼ਰ ਸਨ।